# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਸੰਗਰੂਰ

ਵੱਲ

ਜਿਲ੍ਹਾ ਸੰਗਰੂਰ ਦੇ ਸਮੂਹ
ਪ੍ਰਿਸੀਪਲ / ਮੁਖ-ਅਧਿਆਪਕ
ਸਸਸਸ/ਸਹਸ
ਪੱਤਰ ਨੰ: ਅ-1/( )2015-16/
ਮਿਤੀ 29/05/2015

ਵਿਸ਼ਾ:- ਵਿਜੀਲੈਂਸ ਇੰਨਕੁਆਰੀ ਨੰ: 7, ਮਿਤੀ 2/09/2014 ਚੰਡੀਗੜ੍ਹ ਵਿਰੁੱਧ ਸਰਕਾਰੀ ਅਧਿਕਾਰੀ/ਕਰਮਚਾਰੀ ਜਿੰਨਾ ਵੱਲੋ ਵਿਦੇਸ਼ ਵਿੱਚ ਪੀ.ਆਰ ਵੀਜ਼ਾ/ਗਰੀਨ ਕਾਰਡ/ ਇਮੀਗ੍ਰੇਸ਼ਨ ਸਟੇਟਸ ਵਿਦੇਸ਼ਾ ਵਿੱਚ ਹਾਸਲ ਕਰਕੇ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ, ਦੀ ਸੂਚਨਾ ਸੰਬੰਧੀ।

ਹਵਾਲਾ:- ਮੀਮੋ ਨੰ: ਸਪੈ:/ਡਿ.ਡਾਇ (ਸੈ:ਸਿ:) ਕਮ-ਸੀ.ਵੀ.ਓ/2015/(20-21)

ਉਪਰੋਕਤ ਹਵਾਲੇ ਅਧੀਨ ਵਿਸ਼ੇ ਸਬੰਧੀ ਮਾਨਯੋਗ ਪ੍ਰਮੁੱਖ ਸਕੱਤਰ ਪੰਜਾਬ ਜੀ ਵੱਲੋ ਵਿਸ਼ੇ ਸੰਬੰਧੀ ਮਿਤੀ 1/06/2015 ਨੂੰ ਚੰਡੀਗੜ੍ਹ ਵਿਖੇ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਦੀ ਮੀਟਿੰਗ ਵਿੱਚ ਨਾਲ ਨੱਥੀ ਪ੍ਰਫਾਰਮੇ ਅਨੁਸਾਰ ਸੂਚਨਾ ਦੀ ਮੰਗ ਕੀਤੀ ਗਈ ਹੈ। ਇਹ ਸੂਚਨਾ ਅੱਜ ਹੀ ਇਸ ਦਫਤਰ ਦੀ ਵੈਬ ਸਾਇਟ ਤੇ ਭਰੀ ਜਾਵੇ ਅਤੇ ਇਸ ਦੀ ਐਕਸਲ ਫਾਇਲ ਈਮੇਲ ਆਈ.ਡੀ establishment.sng@gmail.com ਤੇ ਭੇਜੀ ਜਾਵੇ। ਜੇਕਰ ਕਿਸੇ ਸਕੂਲ ਦੇ ਕਿਸੇ ਵੀ ਕਰਮਚਾਰੀ ਦਾ ਨਾਮ ਸ਼ਾਮਿਲ ਹੋਣ ਤੋ ਰਹਿ ਗਿਆ ਤਾਂ ਉਸ ਤੇ ਹੋਣ ਵਾਲੀ ਅਨੁਸਾਸਨੀ ਕਾਰਵਾਈ ਸਕੂਲ ਮੁਖੀ ਦੀ ਨਿੱਜੀ ਹੋਵੇਗੀ। ਪਹਿਲਾਂ ਸਕੂਲ ਮੁਖੀਆਂ ਵੱਲੋ ਪ੍ਰਾਪਤ ਹੋਈ ਸੂਚਨਾ ਦੀ ਕਾਪੀ ਇਸ ਪੱਤਰ ਨਾਲ ਸ਼ਾਮਿਲ ਕਰਕੇ ਭੇਜੀ ਜਾ ਰਹੀ ਹੈ।

29/5/15

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਸੰਗਰੂਰ

**ਅਤਿ ਜ਼ਰੂਰੀ**

**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐੱਸ.ਏ.ਐੱਸ. ਨਗਰ।**

ਵੱਲ,

ਸਮੂਹ ਮੰਡਲ ਸਿੱਖਿਆ ਅਫ਼ਸਰ ਅਤੇ
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:),
ਪੰਜਾਬ।

1170
28.5.15

ਮੀਮੋ ਨੰ: ਸਪੈ:/ਡਿ.ਡਾਇ.(ਸੈ:ਸਿ:)-ਕਮ-ਸੀ.ਵੀ.ਓ./2015/(20-21)
ਮਿਤੀ, ਐੱਸ.ਏ.ਐੱਸ. ਨਗਰ: 27-5-2015.

ਵਿਸ਼ਾ:- *ਵਿਜੀਲੈਂਸ ਇੰਨਕੁਆਰੀ ਨੰਬਰ 7, ਮਿਤੀ 02.09.14 ਚੰਡੀਗੜ੍ਹ ਵਿਰੁੱਧ ਸਰਕਾਰੀ ਅਧਿਕਾਰੀ / ਕਰਮਚਾਰੀ ਜਿਨ੍ਹਾਂ ਵੱਲੋਂ ਵਿਦੇਸ਼ਾਂ ਵਿੱਚ ਪੀ.ਆਰ. ਵੀਜਾ/ਗਰੀਨ ਕਾਰਡ/ ਇਮੀਗ੍ਰੇਸ਼ਨ ਸਟੇਟਸ ਵਿਦੇਸ਼ਾਂ ਵਿੱਚ ਹਾਸਲ ਕਰਕੇ ਨਿਯਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਦੀ ਸੂਚਨਾ ਸਬੰਧੀ।*

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਵਾਰ-ਵਾਰ ਮੁਕੰਮਲ ਸੂਚਨਾ ਭੇਜਣ ਲਈ ਲਿਖਿਆ ਗਿਆ ਸੀ ਪ੍ਰੰਤੂ ਆਪ ਵੱਲੋਂ ਅਜੇ ਤੱਕ ਮੁਕੰਮਲ ਸੂਚਨਾ ਨਹੀਂ ਭੇਜੀ ਗਈ।

ਇਸ ਸਬੰਧ ਵਿੱਚ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਵੱਲੋਂ ਮਿਤੀ 01-06-2015 ਨੂੰ 2.30 ਵਜੇ (ਦੁਪਿਹਰ) ਕਮੇਟੀ ਰੂਮ, 6ਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ ਵਿਖੇ ਮੀਟਿੰਗ ਰੱਖੀ ਗਈ ਹੈ। ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਸੂਚਨਾ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਮੁਕੰਮਲ ਕਰਕੇ ਇਸ ਦਫ਼ਤਰ ਨੂੰ ਤੁਰੰਤ ਨਿਮਨ ਹਸਤਾਖਰੀ ਦੀ ਈ-ਮੇਲ ਆਈ.ਡੀ. **dydirsecedu@gmail.com** ਤੇ ਭੇਜੀ ਜਾਵੇ। ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ:- ਪ੍ਰੋਫਾਰਮਾ।

ਡਿਪਟੀ ਡਾਇਰੈਕਟਰ (ਸੈ:ਸਿ:)-ਕਮ-
ਵਿਜੀਲੈਂਸ ਅਫਸਰ

ਪਿੱਠ ਅੰਕਣ ਨੰ: ਉਕਤ ਮਿਤੀ, ਐੱਸ.ਏ.ਐੱਸ. ਨਗਰ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਸ਼ਾਖਾ ਅਧਿਕਾਰੀ/ ਸ਼ਾਖਾ ਮੁੱਖੀ, ਦਫ਼ਤਰ ਡੀ.ਪੀ.ਆਈ. (ਸੈ:ਸਿ:) ਪੰਜਾਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।
2. ਇੰਚਾਰਜ ਕੋਆਰਡੀਨੇਸ਼ਨ ਬ੍ਰਾਂਚ, ਦਫ਼ਤਰ ਡੀ.ਪੀ.ਆਈ. (ਸੈ:ਸਿ:) ਪੰਜਾਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਡਿਪਟੀ ਡਾਇਰੈਕਟਰ (ਸੈ:ਸਿ:)-ਕਮ-
ਵਿਜੀਲੈਂਸ ਅਫਸਰ